# ਸਮੇਂ ਦੀਆਂ ਹੱਦਾਂ

*ਬ੍ਰਿਟਿਸ਼ ਕੋਲੰਬੀਆ ਵਿਚ ਕਿਸੇ ਕਾਨੂੰਨੀ ਕਲੇਮ ਲਈ ਕੇਸ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਡੇ ਕੋਲ ਕਿੰਨਾ ਸਮਾਂ ਹੈ?*

## ਤੁਹਾਨੂੰ ਕੀ ਜਾਣਨਾ ਚਾਹੀਦਾ ਹੈ

ਜੇ ਤੁਹਾਡਾ ਕੋਈ ਕਾਨੂੰਨੀ ਕਲੇਮ ਹੈ ਜਿਹੜਾ ਕਿਸੇ ਅਦਾਲਤ ਜਾਂ ਟ੍ਰਿਬਿਊਨਲ ਲਈ ਜਾ ਸਕਦਾ ਹੈ ਤਾਂ ਉਹ ਕੇਸ ਤਕਰੀਬਨ ਸਦਾ ਸਮੇਂ ਦੀ ਇਕ ਹੱਦ ਦੇ ਅੰਦਰ ਅੰਦਰ ਸ਼ੁਰੂ ਹੋਣਾ ਜ਼ਰੂਰੀ ਹੈ।

ਇਹ ਸਮਾਂ ਲੰਘ ਜਾਣ ਤੋਂ ਬਾਅਦ ਭਾਵੇਂ ਤੁਹਾਡਾ ਕੇਸ ਕਿੰਨਾ ਵੀ ਮਜ਼ਬੂਤ ਕਿਉਂ ਨਾ ਹੋਵੇ, ਤੁਸੀਂ ਸ਼ਾਇਦ ਆਪਣੇ ਕਲੇਮ ਵਿਚ ਕਾਮਯਾਬ ਨਾ ਹੋਵੋ।

ਸਮੇਂ ਦੀਆਂ ਹੱਦਾਂ ਨੂੰ ਲਿਮੀਟੇਸ਼ਨ ਪੀਰੀਅਡ ਆਖਿਆ ਜਾਂਦਾ ਹੈ। ਇਹ ਇਕ ਕਿਸਮ ਦੀ ਉਲਟੀ ਗਿਣਤੀ ਸ਼ੁਰੂ ਹੋਣ ਵਾਂਗ ਹੈ। ਤੁਹਾਡੇ ਲਈ ਆਪਣਾ ਕੇਸ ਸਮੇਂ ਦੀ ਹੱਦ ਲੰਘ ਜਾਣ ਤੋਂ ਪਹਿਲਾਂ ਸ਼ੁਰੂ ਕਰਨਾ ਜ਼ਰੂਰੀ ਹੈ।

## ਮੁੱਖ ਸਵਾਲ

ਸਮੇਂ ਦੀਆਂ ਹੱਦਾਂ ਦੀਆਂ ਸਮੱਸਿਆਵਾਂ ਤੋਂ ਬਚਣ ਲਈ, ਇਨ੍ਹਾਂ ਸਵਾਲਾਂ ਦੇ ਜਵਾਬ ਦੇਣਾ ਬਿਹਤਰ ਹੈ:

- ਮੇਰੇ ਕਲੇਮ ਲਈ ਸਮੇਂ ਦੀ ਹੱਦ ਕਿੰਨੀ ਹੈ?
- ਮੇਰੇ ਸਮੇਂ ਦੀ ਹੱਦ ਦੀ ਉਲਟੀ ਗਿਣਤੀ ਕਦੋਂ ਸ਼ੁਰੂ ਹੋਈ ਸੀ?
- ਮੇਰੀ ਸਮੇਂ ਦੀ ਹੱਦ ਕਦੋਂ ਖਤਮ ਹੋ ਜਾਵੇਗੀ?

ਅਸੀਂ ਤੁਹਾਡੇ ਲਈ ਇਨ੍ਹਾਂ ਸਵਾਲਾਂ ਦੇ ਜਵਾਬ ਨਹੀਂ ਦੇ ਸਕਦੇ। ਤੁਸੀਂ ਇਨ੍ਹਾਂ ਦੇ ਜਵਾਬ ਲੈਣ ਵਿਚ ਮਦਦ ਲਈ ਕਿਸੇ ਵਕੀਲ ਤੋਂ ਪੁੱਛਣਾ ਚਾਹ ਸਕਦੇ ਹੋ। ਸਾਡੇ ਵੈੱਬਸਾਈਟ ਉੱਪਰ ਕਾਨੂੰਨੀ ਸਲਾਹ ਲੱਭਣ ਲਈ ਵਸੀਲੇ ਹਨ।

## ਸਮੇਂ ਦੀਆਂ ਹੱਦਾਂ ਅਤੇ ਸਿਵਲ ਰੈਜ਼ੋਲੂਸ਼ਨ ਟ੍ਰਿਬਿਊਨਲ (ਸੀ ਆਰ ਟੀ)

ਤੁਹਾਡੇ ਸੀ ਆਰ ਟੀ ਦੇ ਸੋਲੂਸ਼ਨ ਐਕਸਪਲੋਰਰ ਦੀ ਵਰਤੋਂ ਕਰਨ ਵੇਲੇ ਸਮੇਂ ਦੀ ਹੱਦ ਦੀ ਉਲਟੀ ਗਿਣਤੀ ਜਾਰੀ ਰਹੇਗੀ। ਤੁਹਾਨੂੰ ਸਮੇਂ ਦੀ ਹੱਦ ਖਤਮ ਹੋਣ ਤੋਂ ਪਹਿਲਾਂ ਸੀ ਆਰ ਟੀ ਜਾਂ ਕਿਸੇ ਅਦਾਲਤ ਨਾਲ ਆਪਣਾ ਕੇਸ ਸ਼ੁਰੂ ਕਰਨ ਦੀ ਲੋੜ ਹੈ।

ਜੇ ਤੁਸੀਂ ਸੀ ਆਰ ਟੀ ਨਾਲ ਕਲੇਮ ਕਰਦੇ ਹੋ ਤਾਂ ਸਮੇਂ ਦੀ ਹੱਦ ਉਦੋਂ ਰੁਕ ਜਾਵੇਗੀ ਜਦੋਂ ਤੁਸੀਂ ਟ੍ਰਿਬਿਊਨਲ ਨੂੰ ਭਰਿਆ ਹੋਇਆ ਡਿਸਪਿਊਟ ਐਪਲੀਕੇਸ਼ਨ ਫਾਰਮ **ਅਤੇ** ਐਪਲੀਕੇਸ਼ਨ ਦੀ ਫੀਸ ਦਿਉਗੇ। ਸਮੇਂ ਦੀ ਹੱਦ ਸੀ ਆਰ ਟੀ ਨੂੰ ਤੁਹਾਡੀ ਐਪਲੀਕੇਸ਼ਨ ਦੀ ਫੀਸ ਮਿਲਣ ਤੱਕ ਨਹੀਂ ਰੁਕੇਗੀ। ਫੀਸ ਦੇਣ ਦਾ ਸਭ ਤੋਂ ਤੇਜ਼ ਤਰੀਕਾ , ਡਿਸਪਿਊਟ ਰੈਜ਼ੋਲੂਸ਼ਨ ਲਈ ਅਪਲਾਈ ਕਰਨ ਵੇਲੇ ਹੀ ਕਰੈਡਿਟ ਕਾਰਡ ਦੀ ਵਰਤੋਂ ਨਾਲ ਔਨਲਾਈਨ ਅਦਾਇਗੀ ਕਰਨਾ ਹੈ।

## ਤੁਸੀਂ ਕੀ ਕਰ ਸਕਦੇ ਹੋ

ਚਲੋ ਇਹ ਵਿਚਾਰ ਕਰੀਏ ਕਿ ਤੁਹਾਡਾ ਕਲੇਮ ਹੈ। ਪਰ ਤੁਹਾਨੂੰ ਸਮੇਂ ਦੀ ਹੱਦ ਦਾ ਪੱਕਾ ਪਤਾ ਨਹੀਂ ਹੈ। ਤੁਹਾਡੇ ਵਰਗੀ ਹਾਲਤ ਵਿਚ ਲੋਕ ਇਹ ਕਦਮ ਚੁੱਕ ਸਕਦੇ ਹਨ:

1. ਸਮੇਂ ਦੀ ਹੱਦ ਬਾਰੇ ਜਾਣਨ ਲਈ ਕਿਸੇ ਵਕੀਲ ਦੀ ਮਦਦ ਲਉ।
2. ਇਹ ਚਾਂਸ ਘਟਾਉਣ ਲਈ ਕਿ ਸਮੇਂ ਦੀ ਮਿਆਦ ਮੁੱਕ ਜਾਵੇਗੀ, ਜਿੰਨਾ ਵੀ ਛੇਤੀ ਸੰਭਵ ਹੋਵੇ ਉਦੋਂ ਅਪਲਾਈ ਕਰੋ।
3. ਆਪਣੇ ਕੇਸ ਵਿਚ ਲਾਗੂ ਹੋਣ ਵਾਲੀ ਸਮੇਂ ਦੀ ਹੱਦ ਬਾਰੇ ਜ਼ਿਆਦਾ ਜਾਣਕਾਰੀ ਲੈਣ ਦੀ ਕੋਸ਼ਿਸ਼ ਕਰੋ।